## ਪੰਜਾਬ ਸਕੂਲ ਸਿੱਖਿਆ ਬੋਰਡ

### ਪ੍ਰੈਸ ਨੋਟ

ਸਮੂਹ ਸਰਕਾਰੀ ਅਤੇ ਏਡਿਡ ਸਕੂਲ ਮੁੱਖੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮੈਟ੍ਰਿਕ ਪ੍ਰੀਖਿਆ ਮਾਰਚ 2014 ਪ੍ਰੀਖਿਆਵਾਂ ਲਈ ਉਨ੍ਹਾਂ ਦੇ ਸਕੂਲ ਵੱਲੋਂ ਰੈਗੂਲਰ ਐਸ.ਸੀ./ਬੀ.ਸੀ. ਵਿਦਿਆਰਥੀਆਂ ਦੇ ਜੋ ਪ੍ਰੀਖਿਆ ਫੀਸ ਕਲੇਮ ਫਾਰਮ ਨੰ: 2/38 ਦਾਖਲਾ ਫਾਰਮਾਂ ਦੇ ਨਾਲ ਭਰ ਕੇ ਭੇਜੇ ਗਏ ਹਨ ਵਿੱਚ ਕਾਫੀ ਮਾਤਰਾ ਵਿੱਚ ਐਸ.ਸੀ./ਬੀ.ਸੀ. ਵਿਦਿਆਰਥੀਆਂ ਦੀਆਂ ਜਾਤੀਆਂ ਨਹੀਂ ਲਿਖੀਆਂ ਗਈਆਂ ਹਨ ਜੋ ਲਿਖਣੀਆਂ ਜਰੂਰੀ ਹਨ। ਕੇਵਲ ਐਸ.ਸੀ./ਬੀ.ਸੀ. ਹੀ ਜਾਤੀ ਵਾਲੇ ਕਾਲਮ ਵਿਚ ਲਿਖਿਆ ਗਿਆ ਹੈ। ਸਕੂਲ ਮੁੱਖੀਆਂ ਨੂੰ ਬੇਨਤੀ ਹੈ ਕਿ ਸਕੂਲ ਦੇ ਦਾਖਲਾ ਫਾਰਮ ਭੇਜਣ ਸਬੰਧੀ ਸਕੂਲ ਕਾਪੀ ਚੈਕ ਕਰਨ ਦੀ ਕ੍ਰਿਪਾਲਤਾ ਕਰਨ ਕਿ ਕੀ ਸਕੂਲ ਵੱਲੋਂ ਦਾਖਲਾ ਫਾਰਮ ਵਿਚ ਨੱਥੀ 2/38 ਐਸ.ਸੀ./ਬੀ.ਸੀ. ਕਲੇਮ ਫਾਰਮ ਵਿਚ ਜਾਤੀ ਵਾਲੇ ਕਾਲਮ ਵਿਚ ਵਿਦਿਆਰਥੀਆਂ ਦੀਆਂ ਜਾਤੀਆਂ ਲਿਖੀਆਂ ਹਨ ਜਾਂ ਨਹੀਂ। ਜੇਕਰ ਨਹੀਂ ਤਾਂ ਤੁਰੰਤ ਸੁਪਰਡੰਟ (ਲੇਖਾ -15/16) ਲੇਖਾ ਸ਼ਾਖਾ ਦੇ ਪਤੇ ਤੇ ਡੁਪਲੀਕੇਟ ਕਲੇਮ ਫਾਰਮ ਦੀ ਕਾਪੀ ਨਵੇਂ ਹਸਤਾਖਰ ਅਤੇ ਮੋਹਰ ਸਮੇਤ ਭਿਜਵਾਉਣ ਦੀ ਖੇਚਲ ਕਰਨ। ਇਹ ਅਤਿ ਜਰੂਰੀ ਹੈ ਤਾਂ ਜੋ ਸਕੂਲ ਦਾ ਨਤੀਜਾ ਨਾ ਰੁਕੇ। ਐਸ.ਸੀ./ਬੀ.ਸੀ. ਫੀਸ ਕਲੇਮ ਫਾਰਮ 2/38 ਬੋਰਡ ਦੀ ਵੈਬ ਸਾਈਟ www.pseb.ac.in ਤੇ Download ਕਰਕੇ ਪ੍ਰਾਪਤ ਕੀਤੇ ਜਾ ਸਕਦੇ ਹਨ।

ਸਰਕਾਰੀ ਅਤੇ ਏਡਿਡ ਸਕੂਲਾਂ ਤੋਂ ਇਲਾਵਾਂ ਹੋਰ ਸਕੂਲ ਜਿਨਾਂ ਨੇ ਆਪਣੇ ਸਕੂਲ ਦੇ ਐਸ.ਸੀ./ਬੀ.ਸੀ. ਵਿਦਿਆਰਥੀਆਂ ਦੀਆਂ ਪ੍ਰੀਖਿਆ ਫੀਸਾਂ ਨਾ ਜਮ੍ਹਾਂ ਕਰਵਾ ਕੇ ਗਲਤ ਐਸ.ਸੀ./ਬੀ.ਸੀ. ਕਲੇਮ ਫਾਰਮ ਭਰ ਕੇ ਭੇਜੇ ਹਨ, ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਤੁਰੰਤ ਸਕੂਲ ਕਾਪੀ ਚੈਕ ਕਰਕੇ ਐਸ.ਸੀ./ਬੀ.ਸੀ. ਵਿਦਿਆਰਥੀਆਂ ਦੀਆਂ ਪ੍ਰੀਖਿਆ ਫੀਸਾਂ 570/- ਰੁਪਏ ਪ੍ਰਤੀ ਵਿਦਿਆਰਥੀ ਬੋਰਡ ਵਿੱਚ ਜਮ੍ਹਾਂ ਕਰਵਾਉਣ ਅਤੇ ਜਮ੍ਹਾਂ ਕਰਵਾਈ ਗਈ ਫੀਸ ਦੀ ਸੂਚਨਾ ਸੁਪਰਡੰਟ (ਲੇਖਾ-15/16) ਨੂੰ ਭਿਜਵਾਉਣ, ਨਹੀਂ ਤਾਂ ਅਜਿਹੇ ਸਕੂਲਾਂ ਦੇ ਨਤੀਜੇ/ਸਰਟੀਫਿਕੇਟ ਰੋਕ ਲਏ ਜਾਣਗੇ।

17/12/13
ਐਫ. ਡੀ. ਓ.
17/12/13